a2zpapers.com

Roll No. ..................

**002/C**

Total No. of Questions : 9] [Total No. of Printed Pages : 3

**SS**

**2037**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

**(Evening Session)**

Time allowed : Three hours Maximum marks : 65

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/C** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

**1.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ ।

(ੳ) ਅੰਗਰੇਜ਼ੀ ਭਾਸ਼ਾ ਵਿਚ ਸੱਭਿਆਚਾਰ ਲਈਂ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ ?

(ਅ) ਖ਼ਾਲੀ ਸਥਾਨ ਭਰੋ :

ਮਾਘੀ ਵਾਲੇ ਦਿਨ ..................... ਦੇ ਪਾਵਨ ਸਰੋਵਰ ਵਿੱਚ ਸੰਗਤਾਂ ਇਸ਼ਨਾਨ ਕਰਦੀਆਂ ਹਨ ।

(ੲ) 'ਅੱਡੀ-ਛੜੱਪਾ' ਜਾਂ 'ਅੱਡੀ-ਟੱਪਾ' ਕੁੜੀਆਂ ਦੀ ਹਰਮਨ ਪਿਆਰੀ ਖੇਡ ਹੈ । ਦੱਸੋ (ਹਾਂ/ਨਹੀਂ)

(ਸ) ਉਹ ਕਿਹੜਾ ਲੋਕ-ਸਾਜ਼ ਹੈ ਜਿਸਦੀ ਸਰਲ ਤਾਲ 'ਤੇ ਭੰਗੜਾ ਨੱਚਿਆ ਜਾਂਦਾ ਹੈ ?

(ਹ) ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਮੁੱਖ ਤੌਰ 'ਤੇ ਕਿਹੜੇ-ਕਿਹੜੇ ਸਮੇਂ 'ਤੇ ਖੇਡੀਆਂ ਜਾਂਦੀਆਂ ਹਨ ?

(ਕ) ਪੰਜਾਬੀ ਸੱਭਿਆਚਾਰਿਕ ਪਰਿਵਰਤਨ ਪਾਠ ਦੇ ਅਧਾਰ 'ਤੇ ਦੱਸੋ ਕਿ ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ ? 6

(ਖ) 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਕਿਸ ਕਵੀ ਦੀ ਰਚਨਾ ਹੈ ? 1

(ਗ) 'ਸਤੀਆ ਸੇਈਂ' ਕਹਾਣੀ ਦੇ ਮੁੱਖ ਪਾਤਰ ਦਾ ਨਾਂ ਦੱਸੋ । 1

(ਘ) ਹੇਠ ਲਿਖੀਆਂ ਅਖਾਉਤਾਂ ਪੂਰੀਆਂ ਕਰੋ :

(i) ਸੱਚੇ ਮਾਰਗ ਚੱਲਦਿਆਂ ..................... ।

(ii) ਘੜੇ ਨੂੰ ਹੱਥ ਲਾਇਆ ..................... । 2

6+1+1+2=10



a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university q

a2zpapers.com



2. ਹੇਠ ਲਿਖਿਆਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ?

(ਅ) ਪ੍ਰਾਚੀਨ ਕਾਲ ਤੋਂ ਚਲੀ ਆ ਰਹੀ ਸਰਪ ਪੂਜਾ ਨਾਲ ਸੰਬੰਧਿਤ ਮੇਲੇ ਕਿਹੜੇ ਹਨ ? ਇਹਨਾਂ ਵਿੱਚੋਂ ਕਿਸੇ ਇੱਕ ਮੇਲੇ ਦਾ ਵਰਨਣ ਕਰੋ ।

(ੲ) ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ ?

(ਸ) ਲੋਕ ਖੇਡਾਂ ਨਾਲ਼ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ ? ਇਹ ਵੀ ਦੱਸੋ ਕਿ ਅਜਿਹੀਆਂ ਕਿਹੜੀਆਂ-ਕਿਹੜੀਆਂ ਖੇਡਾਂ ਹਨ ?

(ਹ) ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ ? ਖੋਲ੍ਹ ਕੇ ਦੱਸੋ ।

(ਕ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ ।

(ਖ) ਮੰਚ ਦੇ ਪੱਖ ਤੋਂ ਨਕਲਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

(ਗ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ ?

4×5=20

3. ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ । ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ ਵਿਕਰੇਤਾਵਾਂ ਨੂੰ ਪੱਤਰ ਲਿਖੋ, ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ ।

ਜਾਂ

ਤੁਸੀਂ ਮੱਛੀ ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ । ਆਪਣੇ ਜ਼ਿਲ੍ਹੇ ਦੇ ਮੱਛੀ ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ ।

2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਲੰਡਨ ਬੜਾ ਭਾਰੀ ਸ਼ਹਿਰ ਹੈ ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ, ਤਾਂ ਤੁਸੀਂ ਬਹੁਤ ਇਕੱਲ ਤੇ ਉਦਾਸੀ ਮਹਿਸੂਸ ਕਰਦੇ ਹੋ । ਅੰਗਰੇਜ਼ ਲੋਕ ਤਬੀਅਤ ਦੇ ਠੰਢੇ ਹਨ ਪਰ ਮਿਲਨਸਾਰ ਨਹੀਂ । ਗੁਆਂਢੀ, ਗੁਆਂਢੀ ਨੂੰ ਨਹੀਂ ਜਾਣਦਾ ਤੇ ਬਗ਼ੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ । ਬੱਸਾਂ, ਗੱਡੀਆਂ ਵਿੱਚ ਦੇਖੋ, ਇੱਕ ਅੰਗਰੇਜ਼ ਦੂਸਰੇ ਨਾਲ਼ ਗੱਲ ਨਹੀਂ ਕਰਦਾ ਤੇ ਹਰ ਇੱਕ ਦੇ ਮੂੰਹ ਅੱਗੇ ਅਖ਼ਬਾਰ ਹੁੰਦਾ ਹੈ । ਸਾਡੀ ਪੰਜਾਬੀਆਂ ਦੀ ਇੱਕ ਦੂਜੇ ਨਾਲ਼ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇੱਕ-ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲ਼ੇ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ । ਦੂਸਰੇ ਇੱਥੋਂ ਦੀ ਆਬੋ-ਹਵਾ ਵੀ ਖ਼ਰਾਬ ਹੈ । ਕਈ ਮਹੀਨੇ ਤਾਂ ਅਸਮਾਨ ਭਾਰੇ ਜਿਹੇ ਬੱਦਲ਼ਾਂ ਨਾਲ਼ ਢਕਿਆ ਰਹਿੰਦਾ ਹੈ । ਸਿਆਲ਼ ਵਿੱਚ ਬੜੀ ਧੁੰਦ ਹੁੰਦੀ ਹੈ । ਮੋਟਰਾਂ ਜੂੰ ਦੀ ਚਾਲ ਚੱਲਦੀਆਂ ਹਨ । ਸਿਆਲ਼ ਵਿੱਚ ਕਦੇ-ਕਦੇ ਬਰਫ਼ ਪੈਂਦੀ ਹੈ ਤੇ ਸੜਕਾਂ, ਮਕਾਨਾਂ ਦੀਆਂ ਛੱਤਾਂ ਤੇ ਦਰਖ਼ਤ ਬਰਫ਼ ਨਾਲ਼ ਲੱਦੇ ਜਾਂਦੇ ਹਨ । ਚਾਰੇ ਪਾਸੇ ਸਫ਼ੈਦ ਰੰਗ ਦਿਖਾਈ ਦਿੰਦਾ ਹੈ । ਦੋ ਦਿਨਾਂ ਬਾਅਦ ਬਰਫ਼ ਪੱਘਲਨਾ ਸ਼ੁਰੂ ਹੋ ਜਾਂਦੀ ਹੈ ਤੇ ਸੜਕਾਂ 'ਤੇ ਚਿੱਕੜ ਜਿਹਾ ਹੋ ਜਾਂਦਾ ਹੈ । ਬਰਫ਼ ਦੂਰ ਪਹਾੜਾ ਦੀਆਂ ਚੋਟੀਆਂ 'ਤੇ ਹੀ ਚੰਗੀ ਲੱਗਦੀ ਹੈ, ਜੇ ਬਰਫ਼ ਵਿੱਚ ਰਹਿਣਾ ਪਵੇ ਤਾਂ ਜ਼ਿੰਦਗੀ ਦਾ ਕੋਈ ਮਜ਼ਾ ਨਹੀਂ ।

1+3=4



a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university q

a2zpapers.com



5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ **ਇੱਕ** ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| | | |
|---|---|---|
| ਦਰਬਾਰ | | ਬੰਸਾਵਲੀ |
| ਥਰਮਾਮੀਟਰ | | ਖੜ੍ਹਵਾਂ |
| ਤਰਸਣਾ | | ਇਸ਼ਨਾਨ |
| ਦਸਤਾਰ | ਜਾਂ | ਉਦਰੇਵਾਂ |
| ਤੀਰਥ | | ਸੱਜਰਾ |
| ਖਿਸਕ | | ਅੰਦਰਖਾਤੇ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ **ਤਿੰਨ** ਵਾਕਾਂ ਦਾ ਬ੍ਰੈਕਟ ਵਿਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਉਹ ਝਗੜਾਲੂ ਹੈ ਤੇ ਤੁਹਾਨੂੰ ਉਸ ਨਾਲ਼ ਵਪਾਰਿਕ ਭਾਈਵਾਲੀ ਨਹੀਂ ਕਰਨੀ ਚਾਹੀਦੀ । (ਸਧਾਰਣ ਵਾਕ)

(ਅ) ਮਿਹਨਤ ਕਰਨ ਵਾਲੇ ਵਿਦਿਆਰਥੀਆਂ ਨੂੰ ਹਮੇਸ਼ਾ ਸਫਲਤਾ ਮਿਲਦੀ ਹੈ । (ਮਿਸ਼ਰਤ ਵਾਕ)

(ੲ) ਤੁਸੀਂ ਅਪਣਾ ਨਾਂ ਦੱਸੋ । (ਪ੍ਰਸ਼ਨ-ਵਾਚਕ ਵਾਕ)

(ਸ) ਸਿਰਫ ਮਾਂ ਹੀ ਬੱਚੇ ਨੂੰ ਪਾਲ ਸਕਦੀ ਹੈ । (ਨਾਂਹ-ਵਾਚਕ ਵਾਕ)

(ਹ) ਖਾਣਾ ਪਰੋਸ ਦਿਓ । (ਕਰਮਣੀ-ਵਾਚ) 3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ **ਚਾਰ** ਨੂੰ ਵਾਕਾਂ ਵਿਚ ਵਰਤੋ ਜਾਂ ਉਹਨਾਂ ਦੀਆਂ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ ।

(ਅ) ਇੱਕ ਅਨਾਰ ਸੌ ਬਿਮਾਰ ।

(ੲ) ਜੋ ਰਾਤੀਂ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ ।

(ਸ) ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ ।

(ਹ) ਠੂਠਾ ਫੁੱਟ ਕੇ ਛੰਨਾ ਮਿਲਿਆ ।

(ਕ) ਬਿੱਲੀ ਦੇ ਸਾਹਮਣੇ ਦੁੱਧ ਨਹੀਂ ਜੰਮਦਾ ।

(ਖ) ਆਰੀ ਨੂੰ ਇੱਕ ਪਾਸੇ ਦੰਦੇ, ਜਹਾਨ ਨੂੰ ਦੋਹੀਂ ਪਾਸੀਂ । 2×4=8

8. ਕਿਸੇ **ਇੱਕ** ਕਵਿਤਾ ਦਾ ਕੇਂਦਰੀ-ਭਾਵ ਲਿਖੋ :

(ੳ) ਵਗਦੇ ਪਾਣੀ (ਡਾ. ਦੀਵਾਨ ਸਿੰਘ ਕਾਲੇਪਾਣੀ)

(ਅ) ਦੋਸਤਾ (ਪਿਆਰਾ ਸਿੰਘ ਸਹਿਰਾਈ)

(ੲ) ਮੇਰਾ ਬਚਪਨ (ਹਰਿਭਜਨ ਸਿੰਘ) 4

9. ਕਿਸੇ **ਇੱਕ** ਕਹਾਣੀ ਦਾ ਸਾਰ ਲਿਖੋ :

(ੳ) ਸਾਂਝ (ਸੁਜਾਨ ਸਿੰਘ)

(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼) 7



a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university qu